# ਸੰਪਰਦਾਇਕ ਰਾਸ਼ਟਰਵਾਦ: ਇਤਿਹਾਸਕ ਪਿਛੋਕੜ, ਮਿੱਥਕ ਆਧਾਰ ਤੇ ਮਨਸੂਖ਼ ਪਛਾਣ



ਦਲਜੀਤ ਕੌਰ
ਸਹਾਇਕ ਪ੍ਰੋਫੈਸਰ
ਸਰਕਾਰੀ ਮਹਿੰਦਰਾ ਕਾਲਜ,
ਪਟਿਆਲਾ।
daljitkamboj1500@gmail.com

'ਅਨੇਕਤਾ ਵਿੱਚ ਏਕਤਾ' ਅਤੇ 'ਪਰ ਨੂੰ ਮਾਨਤਾ ਤੇ ਸਤਿਕਾਰ' ਦੇਣ ਦੇ ਨਾਅਰੇ ਉੱਤੇ ਉੱਸਰਿਆ ਭਾਰਤੀ ਰਾਸ਼ਟਰ ਆਪਣੇ ਅੰਦਰ ਅਣਗਿਣਤ ਅਸਹਿਮਤੀਆਂ, ਅਸਮਾਨਤਾਵਾਂ ਤੇ ਵਿਸੰਗਤੀਆਂ ਨੂੰ ਸਮੋਈ ਬੈਠਾ ਹੈ। 'ਅਨੇਕਤਾ ਵਿੱਚ ਏਕਤਾ' ਦੇ ਨਾਂ ਹੇਠ ਏਕਤਾ ਦੀ ਥਾਂ ਇਕਰੂਪਤਾ, ਇਕਹਿਰਤਾ ਤੇ ਇਕਰੰਗਤਾ ਦੀ ਲਹਿਰ ਵਰਤਮਾਨ ਭਾਰਤ ਵਿੱਚ ਜ਼ੋਰਾਂ ਸ਼ੋਰਾਂ ਨਾਲ ਸਰਗਰਮ ਹੈ। ਅਜਿਹੀ ਰਾਜਸੀ ਯਥਾਸਥਿਤੀ ਦੇ ਦੌਰ ਵਿੱਚ 'ਰਾਸ਼ਟਰ' ਦੇ ਵਰਤਾਰੇ ਪ੍ਰਤੀ ਚਿੰਤਨ ਮਨਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਰਾਸ਼ਟਰ ਪ੍ਰਤੀ ਸਹਿਜ ਬੋਧ ਵਿੱਚ ਅਕਸਰ ਇਸ ਨੂੰ ਸਦੀਵੀ, ਅਖੰਡ, ਅਟੁੱਟ ਤੇ ਕੁਦਰਤੀ ਵਰਤਾਰਾ ਸਮਝਣ ਵਾਲੀਆਂ ਧਾਰਨਾਵਾਂ ਪਾਈਆਂ ਜਾਂਦੀਆਂ ਹਨ। ਪਰ ਇਸ ਖੇਤਰ ਵਿੱਚ ਖੋਜਿਆਂ ਪੜਤਾਲਿਆਂ ਇਹ ਧਾਰਨਾਵਾਂ ਖੁਰਨੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਰਾਸ਼ਟਰ ਇੱਕ ਕਲਪਿਤ, ਖੁਰਨਯੋਗ, ਇਤਿਹਾਸਕ ਤੇ ਸਿੱਖਿਅਤ ਵਰਤਾਰਾ ਜਾਪਣ ਲੱਗ ਪੈਂਦਾ ਹੈ। ਸਾਡੇ ਇਸ ਪਰਚੇ ਵਿੱਚ ਅਸੀਂ ਭਾਰਤ ਵਿੱਚ ਪ੍ਰਮੁੱਖਤਾ ਪ੍ਰਾਪਤ ਕਰ ਰਹੇ ਸੰਪਰਦਾਇਕ ਰਾਸ਼ਟਰਵਾਦ ਦੇ ਮੁਹਾਂਦਰੇ, ਇਸ ਮੁਹਾਂਦਰੇ ਪਿੱਛੇ ਕੰਮ ਕਰ ਰਹੇ ਇਤਿਹਾਸਕ ਆਧਾਰ ਅਤੇ ਉਹਨਾਂ ਆਵਾਜ਼ਾਂ ਨੂੰ ਮੁਖ਼ਾਤਿਬ ਹੋਣ ਦੀ ਕੋਸ਼ਿਸ਼ ਕਰਾਂਗੇ ਜਿਹੜੀਆਂ ਰਾਸ਼ਟਰ ਦੀ ਇਕਹਿਰਤਾ, ਇਕ-ਪਰਤਤਾ ਅਤੇ ਇਕਰੂਪਤਾ ਦੇ ਸੂਤਰ ਵਿੱਚ ਬੰਨ੍ਹਣ ਲੱਗਿਆਂ ਦਮ ਤੋੜ ਜਾਂਦੀਆਂ ਹਨ।

ਰਾਸ਼ਟਰ ਪ੍ਰਤੀ ਆਮ ਸਮਝ ਇਸ ਨੂੰ ਸਦੀਆਂ ਤੋਂ ਸਥਾਪਿਤ ਕੁਦਰਤੀ ਹੋਂਦ ਅਤੇ ਸਥਿਰ ਤੇ ਅਪਰਿਵਰਤਨਸ਼ੀਲ ਵਰਤਾਰਾ ਮੰਨਦੀ ਰਹੀ ਹੈ। ਇਸ ਸਥਾਪਿਤ ਵਰਤਾਰੇ ਪ੍ਰਤੀ ਕੀਤਾ ਹਰ ਸਵਾਲ ਦੇਸ਼ਧ੍ਰੋਹ ਤੇ ਰਾਸ਼ਟਰ ਵਿਰੋਧੀ ਕਾਰਵਾਈ ਮੰਨਿਆ ਜਾਂਦਾ ਹੈ। ਪਰ ਭਾਰਤ ਵਿੱਚ 'ਬਣਾਉਟੀ ਰਾਸ਼ਟਰਵਾਦ'/'ਸੰਪਰਦਾਇਕ ਰਾਸ਼ਟਰਵਾਦ' (Pseudo Nationalism/Communal Nationalism) ਦੁਆਰਾ ਖੜ੍ਹੇ ਕੀਤੇ ਗਏ ਸੰਕਟ ਦੇ ਸਨਮੁੱਖ ਰਾਸ਼ਟਰ ਪ੍ਰਤੀ ਸਵਾਲਾਂ ਨੂੰ ਸੰਬੋਧਿਤ ਹੋਣਾ ਤੇ ਇਸ ਵਰਤਾਰੇ ਦੀਆਂ ਜੜ੍ਹਾਂ ਦੀ ਭਾਲ ਕਰਨਾ ਸਮੇਂ ਦੀ ਲੋੜ ਬਣ ਜਾਂਦਾ ਹੈ। ਰੋਮਿਲਾ ਥਾਪਰ ਵਰਗੇ ਵਿਦਵਾਨ ਰਾਸ਼ਟਰ ਨੂੰ ਇਤਿਹਾਸਕ ਤਬਦੀਲੀਆਂ ਦੇ ਪ੍ਰਤੀਕਰਮ ਵਜੋਂ ਆਧੁਨਿਕ ਸਮਿਆਂ ਵਿੱਚ ਪੈਦਾ ਹੋਇਆ ਅਜਿਹਾ ਸੰਕਲਪ ਜਾਂ ਵਿਚਾਰ ਮੰਨਦੇ ਹਨ ਜਿਹੜਾ ਆਪਣੀ ਹੋਂਦ ਲਈ ਅਤੀਤ ਵਿੱਚ ਇੱਕ ਸੁਨਹਿਰੀ ਤੇ ਯੂਟੋਪੀਅਨ ਯੁੱਗ ਨੂੰ ਕਲਪਦਾ ਹੈ। ਇਤਿਹਾਸ ਦੀ ਮਿੱਥਾਂ ਰਾਹੀਂ

ਕੀਤੀ ਵਿਆਖਿਆ ਤੇ ਪੁਨਰ-ਵਿਆਖਿਆ ਰਾਸ਼ਟਰ ਨੂੰ ਇਸਦੀ ਪਛਾਣ ਦਿੰਦੀ ਹੈ। ਸਥਾਪਤੀ ਦਾ ਪ੍ਰਵਚਨ ਮਿੱਥ ਤੇ ਬਿਰਤਾਂਤ ਰਾਹੀਂ ਲੋਕ-ਮਨ ਦੀ ਯਾਦ ਅਤੇ ਇਤਿਹਾਸ ਵਿੱਚ ਦਖ਼ਲਅੰਦਾਜ ਹੁੰਦਾ ਹੋਇਆ ਕਿਸੇ ਖਿੱਤੇ ਦੇ ਜੀਵਨ ਵਿਹਾਰ ਤੇ ਸਭਿਆਚਾਰ ਵਿੱਚ ਆਪਣੀਆਂ ਜੜ੍ਹਾਂ ਲਾਉਂਦਾ ਹੈ। ਰਾਸ਼ਟਰ ਦੇ ਇਤਿਹਾਸ ਨਾਲ ਸੰਬੰਧਾਂ ਬਾਬਤ ਅਰਨੇਸਟ ਰੇਨਾਨ ਦਾ ਕਥਨ ਗੌਲਣਯੋਗ ਹੈ ਜੋ ਅਸੀਂ ਐਮ. ਐਸ. ਐਸ. ਪਾਂਡਿਅਨ ਦੀ ਲਿਖਤ ਵਿੱਚੋਂ ਉੱਧਰਿਤ ਕਰ ਰਹੇ ਹਾਂ, “ਕਿਸੇ ਰਾਸ਼ਟਰ ਦੇ ਨਿਰਮਾਣ ਲਈ ਇਤਿਹਾਸ ਨੂੰ ਭੁੱਲ ਜਾਣਾ ਅਤੇ ਇਸ ਨੂੰ ਗਲਤ ਸਮਝਣਾ ਜ਼ਰੂਰੀ ਤੱਤ ਹਨ। ਜੇਕਰ ਸਹੀ ਢੰਗ ਨਾਲ ਇਤਿਹਾਸਕ ਅਧਿਐਨ ਹੋਣ ਲੱਗ ਪੈਣ ਤਾਂ ਰਾਸ਼ਟਰੀਅਤਾ ਲਈ ਖ਼ਤਰਾ ਖੜ੍ਹਾ ਹੋ ਸਕਦਾ ਹੈ।”[1]

ਇਸ ਤਰ੍ਹਾਂ ਬਣਾਉਟੀ ਤੇ ਸੰਪਰਦਾਇਕ ਰਾਸ਼ਟਰ ਅਤੀਤ ਦੀ ਗਲਤ ਪੜ੍ਹਤ ਉੱਤੇ ਟਿਕਿਆ ਹੁੰਦਾ ਹੈ। ਇਤਿਹਾਸ ਦੀ ਅਜਿਹੀ ਹੀ ਗਲਤ ਪੜ੍ਹਤ ਦਾ ਵਿਸ਼ਲੇਸ਼ਣ ਕਰਦਿਆਂ ਰੋਮਿਲਾ ਥਾਪਰ ਨੇ ਭਾਰਤੀ ਰਾਸ਼ਟਰ ਦੇ ਮੌਜੂਦਾ ਸਰੂਪ ਨੂੰ ਭਾਰਤੀ ਇਤਿਹਾਸ ਦੀ ਭਰਮਾਊ ਬਸਤੀਵਾਦੀ ਵਿਆਖਿਆ ਵਿੱਚੋਂ ਉਪਜਿਆ ਮੰਨਿਆ ਹੈ। ਰੋਮਿਲਾ ਥਾਪਰ ਦਾ ਮੰਨਣਾ ਹੈ ਕਿ ਭਾਰਤੀ ਇਤਿਹਾਸ ਦੀ ਬਸਤੀਵਾਦੀ ਪੜ੍ਹਤ ਭਾਰਤ ਦੀ ਵਿਭਿੰਨਤਾ ਨੂੰ ਨਕਾਰਦੀ ਹੈ। ਭਾਰਤ ਦਾ ਪਹਿਲਾ ਆਧੁਨਿਕ ਇਤਿਹਾਸ ‘ਦ ਹਿਸਟਰੀ ਆਫ ਬ੍ਰਿਟਿਸ਼ ਇੰਡੀਆ (1818-1823)’ (The History of British India) ਮੁੱਢਲੀ 19 ਵੀਂ ਸਦੀ ਵਿੱਚ ਜੇਮਜ਼ ਮਿੱਲ ਦੁਆਰਾ ਲਿਖਿਆ ਗਿਆ। ਇਸ ਇਤਿਹਾਸ ਵਿੱਚੋਂ ਦੋ ਥੀਸਿਸ ਭਾਰਤੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਸਾਬਿਤ ਹੋਏ ਤੇ ਇਹ ਨਿਰੰਤਰਤਾ ਅੱਜ ਵੀ ਬਰਕਰਾਰ ਹੈ। ਇਹਨਾਂ ਵਿੱਚੋਂ ਇੱਕ ਹੈ ਭਾਰਤੀ ਇਤਿਹਾਸ ਦੀ ਕਾਲਵੰਡ। ਮਿੱਲ ਨੇ ਭਾਰਤੀ ਇਤਿਹਾਸ ਨੂੰ ਤਿੰਨ ਕਾਲਾਂ ਵਿੱਚ ਵੰਡਿਆ- ਹਿੰਦੂ ਸਭਿਅਤਾ, ਮੁਸਲਿਮ ਸਭਿਅਤਾ ਤੇ ਬ੍ਰਿਟਿਸ਼ ਕਾਲ। ਇਹ ਕਾਲਵੰਡ ਸ਼ਾਸ਼ਕ ਰਾਜਵੰਸ਼ਾਂ ਦੇ ਧਰਮ ਨੂੰ ਆਧਾਰ ਬਣਾ ਕੇ ਕੀਤੀ ਗਈ। ਇਸ ਤਰ੍ਹਾਂ ਮਿੱਲ ਨੇ ਭਾਰਤੀ ਇਤਿਹਾਸ ਨੂੰ ਦੋ ਰਾਸ਼ਟਰਾਂ ਵਿੱਚ ਵੰਡ ਦਿੱਤਾ। ਬਸਤੀਵਾਦੀ ਇਤਿਹਾਸਕਾਰੀ ਦੀ ਇਸ ਕਾਢ ਦੁਆਰਾ ਇਹ ਪਰਚਾਰਿਆ ਗਿਆ ਕਿ ਇਹ ਦੋ ਰਾਸ਼ਟਰ ਸਥਾਈ ਰੂਪ ਵਿੱਚ ਇੱਕ ਦੂਜੇ ਦੇ ਦੁਸ਼ਮਣ ਸਨ, ਇਸ ਲਈ ਇਸ ਦੁਸ਼ਮਣੀ ਨੂੰ ਰੋਕਣ ਲਈ ਬ੍ਰਿਟਿਸ਼ਾਂ ਦੇ ਦਖ਼ਲ ਦੀ ਜ਼ਰੂਰਤ ਸੀ। ਰੋਮਿਲਾ ਥਾਪਰ ਲਿਖਦੀ ਹੈ;

ਬਸਤੀਵਾਦੀ ਸ਼ਾਸਨ ਤੋਂ ਪਹਿਲਾਂ ਇੱਕ ਇਕਰੂਪ ਖੇਤਰ ਵਜੋਂ ਭਾਰਤ ਦਾ ਕੋਈ ਇਤਿਹਾਸ ਨਹੀਂ ਸੀ। ਬਸਤੀਵਾਦੀ ਇਤਿਹਾਸਕਾਰਾਂ ਨੇ ਭਾਰਤ ਦੇ ਧਰਮਾਂ ਦੀਆਂ ਵਿਭਿੰਨਤਾਵਾਂ ਦੇ

ਖੋਜਨਾਮਾ ISSN: 2584-0509


ਪਰਸਪਰ ਸੰਬੰਧਾਂ ਨੂੰ ਸਮਝੇ ਬਿਨਾਂ ਹੀ ਇਹਨਾਂ ਸਾਰੇ ਧਰਮਾਂ ਨੂੰ ਵੱਡੇ ਅਖੰਡ/ਇਕਰੂਪ ਧਰਮਾਂ ਵਜੋਂ ਕਲਪਿਆ। ਉਹਨਾਂ ਨੇ ਭਾਰਤ ਦੇ ਫ਼ਿਰਕਿਆਂ ਨੂੰ ਖ਼ੁਦਮੁਖ਼ਤਿਆਰ ਮੰਨਣ ਜਾਂ ਦੂਜੇ ਧਰਮਾਂ ਨਾਲ ਅੰਸ਼ਕ ਰੂਪ ਵਿੱਚ ਜੁੜੇ ਹੋਏ ਸਮਝਣ ਦੀ ਥਾਂ ਇਹਨਾਂ ਨੂੰ ਧੱਕੇ ਨਾਲ ਇੱਕ-ਦੂਜੇ ਨਾਲ ਜੋੜਦਿਆਂ ਵਿਭਿੰਨਤਾਵਾਂ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ (ਥਾਪਰ 182)।[2]

ਇਸ ਤਰ੍ਹਾਂ ਬਸਤੀਵਾਦੀ ਵਿਦਵਾਨਾਂ ਰਾਹੀਂ ਕੀਤੀ ਭਾਰਤੀ ਇਤਿਹਾਸ ਦੀ ਵਿਆਖਿਆ ਨੇ ਦੋ ਰਾਸ਼ਟਰ ਸਿਧਾਂਤ ਨੂੰ ਉਚਿਤ ਦਰਸਾਉਂਦਿਆਂ ਹਿੰਦੂ-ਮੁਸਲਿਮ ਵਿਰੋਧਤਾ ਨੂੰ ਭਾਰਤੀ ਇਤਿਹਾਸ ਵਿੱਚ ਪ੍ਰਮਾਣਿਕ ਬਣਾ ਦਿੱਤਾ। ਇਹ ਦੋ ਰਾਸ਼ਟਰ ਸਿਧਾਂਤ ਅੰਗਰੇਜ਼ਾਂ ਦੁਆਰਾ ਕੀਤੀ ਗਈ ਬ੍ਰਿਟਿਸ਼ ਭਾਰਤ ਦੀ ਮਰਦਮ ਸ਼ੁਮਾਰੀ ਰਾਹੀਂ ਵੀ ਪੱਕਾ ਹੋਇਆ ਜਿਸ ਨੇ ਭਾਰਤੀ ਜਨਸੰਖਿਆ ਨੂੰ ਬਹੁ-ਗਿਣਤੀ ਸਮੁਦਾਇ ਅਤੇ ਘੱਟ-ਗਿਣਤੀ ਸਮੁਦਾਇ ਵਿੱਚ ਵੰਡ ਕੇ ਪੇਸ਼ ਕੀਤਾ। ਰੋਮਿਲਾ ਥਾਪਰ ਲਿਖਦੀ ਹੈ ਕਿ ਬਾਅਦ ਵਿੱਚ ਭਾਵੇਂ ਭਾਰਤੀ ਇਤਿਹਾਸ ਦੇ ਕਾਲਾਂ ਦਾ ਨਾਂ ਬਦਲ ਕੇ ਪ੍ਰਾਚੀਨ, ਮੱਧਕਾਲ ਅਤੇ ਆਧੁਨਿਕ ਕਾਲ ਵੀ ਕਈ ਇਤਿਹਾਸਾਂ ਵਿੱਚ ਕੀਤਾ ਗਿਆ ਪਰ ਇਸ ਵੰਡ ਦੇ ਮਾਪਦੰਡ ਉਸੇ ਬਸਤੀਵਾਦੀ ਇਤਿਹਾਸਕਾਰੀ ਵਾਲੇ ਹੀ ਰਹੇ।

ਰੋਮਿਲਾ ਥਾਪਰ ਅਨੁਸਾਰ ਬਸਤੀਵਾਦੀ ਇਤਿਹਾਸਕਾਰੀ ਵਿੱਚੋਂ ਪੈਦਾ ਹੋਣ ਵਾਲਾ ਦੂਜਾ ਸਿਧਾਂਤ ਆਰੀਅਨ ਨਸਲ ਦਾ ਸਿਧਾਂਤ ਹੈ। ਮੈਕਸ ਮੂਲਰ ਵਰਗੇ ਵਿਦਵਾਨਾਂ ਨੇ ਇਸ ਮੱਤ ਦੀ ਤਾਈਦ ਕੀਤੀ ਕਿ ਆਰੀਅਨ ਦੁਆਰਾ ਲਿਖੇ ਗਏ ਵੈਦਿਕ ਸੰਗ੍ਰਹਿ ਹੀ ਭਾਰਤੀ ਸਭਿਅਤਾ ਦੀ ਨੀਂਹ ਹਨ। ਇਸ ਤਰ੍ਹਾਂ ਆਰੀਅਨਾਂ ਦੇ ਉਦਗਮ ਦਾ ਇਤਿਹਾਸ ਤੇ ਇਹਨਾਂ ਦੀ ਉੱਚਤਾ ਦਾ ਵਿਚਾਰ ਰਾਸ਼ਟਰਵਾਦੀ ਇਤਿਹਾਸਕਾਰਾਂ ਲਈ ਮਹੱਤਵਪੂਰਨ ਬਣਿਆ। ਇਸ ਤਰ੍ਹਾਂ ਆਰੀਅਨ ਨਸਲ ਦੇ ਸਿਧਾਂਤ ਰਾਹੀਂ ਭਾਰਤੀ ਇਤਿਹਾਸ ਨੂੰ ਇਕਹਿਰਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਰੋਮਿਲਾ ਥਾਪਰ ਇਹਨਾਂ ਨੁਕਤਿਆਂ ਉੱਤੇ ਗੱਲ ਰੱਖਦਿਆਂ ਇਸ ਨਤੀਜੇ ਉੱਤੇ ਪਹੁੰਚਦੀ ਹੈ ਕਿ ਬਸਤੀਵਾਦੀ ਵਿਦਵਾਨਾਂ ਦੁਆਰਾ ਕੀਤੀ ਇਸ ਇਤਿਹਾਸਕਾਰੀ, ਜੋ ਕਿ ਬਸਤੀਵਾਦੀਆਂ ਦੁਆਰਾ ਬਸਤੀਕਾਰਾਂ ਨੂੰ ਸਿਖਾਈ ਗਈ, ਵਿੱਚੋਂ ਹੀ ਧਾਰਮਿਕ ਰਾਸ਼ਟਰਵਾਦ (Religious Nationalism), ਸੰਪਰਦਾਇਕਤਾਵਾਦ (Communalism) ਤੇ ਬਣਾਉਟੀ ਰਾਸ਼ਟਰਵਾਦ (Pseudo Nationalism) ਪੈਦਾ ਹੋਇਆ ਜਿਸ ਨੂੰ ਬਾਅਦ ਵਿੱਚ ਮੁਸਲਿਮ ਲੀਗ ਤੇ ਹਿੰਦੂ ਮਹਾਂਸਭਾ (ਜੋ ਬਾਅਦ ਵਿੱਚ

ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਸੰਘ ਪਰਿਵਾਰ ਵਿੱਚ ਬਦਲੀ) ਦੁਆਰਾ ਪਰਚਾਰਿਆ ਗਿਆ। ਇਸ ਤਰ੍ਹਾਂ ਕਿਸੇ ਰਾਸ਼ਟਰ ਦੇ ਵਿਲੱਖਣ ਸਰੂਪ ਦੀ ਸਿਰਜਣਾ ਪਿੱਛੇ ਇਸ ਤੱਥ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ ਕਿ ਉਸ ਰਾਸ਼ਟਰ ਦੇ ਅਤੀਤ ਵਿੱਚੋਂ ਕਿਹੜੇ ਤੱਥਾਂ ਨੂੰ ਚੁਣਿਆ ਗਿਆ ਹੈ ਤੇ ਕਿਹੜਿਆਂ ਨੂੰ ਵਿਸਾਰਿਆ ਗਿਆ ਹੈ। ਅਤੀਤ ਵਿਚੋਂ ਸਾਂਝੀਆਂ ਕੀਤੀਆਂ ਜਾਂਦੀਆਂ ਯਾਦਾਂ ਨੂੰ ਰਾਸ਼ਟਰ ਦੀ ਵਿਲੱਖਣਤਾ ਲਈ ਆਧਾਰ ਮੰਨਦਿਆਂ ਸਟੀਵਨ ਗਰੋਸਬੀ ਲਿਖਦਾ ਹੈ;

...ਰਾਸ਼ਟਰ ਦੇ ਵਜੂਦ ਦਾ ਆਧਾਰ ਰਾਸ਼ਟਰ ਦੇ ਅਤੀਤ ਤੇ ਮੁੱਢਲੇ ਸਮਾਜਾਂ ਬਾਰੇ ਉਹ ਯਾਦਾਂ ਹਨ ਜਿਹੜੀਆਂ ਰਾਸ਼ਟਰ ਦੇ ਮੈਂਬਰ ਬਹੁਤ ਸਾਰੇ ਵਿਅਕਤੀਆਂ ਵਿੱਚ ਸਾਂਝੀਆਂ ਕੀਤੀਆਂ ਜਾਂਦੀਆਂ ਹਨ।...ਇਹਨਾਂ ਯਾਦਾਂ ਦੁਆਰਾ ਵਰਣਿਤ ਘਟਨਾਵਾਂ ਤੱਥਾਂ ਅਨੁਸਾਰ ਸਹੀ ਨਹੀਂ ਹੋ ਸਕਦੀਆਂ: ਮਸਲਨ ਮਿਸਰ ਤੋਂ ਨਿਕਾਲੇ ਸਮੇਂ ਦੇ ਪ੍ਰਾਚੀਨ ਇਜ਼ਰਾਈਲੀ ਬਿਰਤਾਂਤ ਵਿੱਚ ਦਸ ਪਲੇਗਾਂ ਦੀ ਕਹਾਣੀ ਅਤੇ ਇਹ ਯਾਦ ਕਿ ਜਾਪਾਨੀ ਸਮਰਾਟ ਸੂਰਜ ਦੇਵੀ ਅਮਾਤੇਰਾਸੂ ਦਾ ਵੰਸ਼ਜ ਹੈ। ਹਰ ਰਾਸ਼ਟਰ ਦੀ ਆਪਣੇ ਵਿਲੱਖਣ ਅਤੀਤ ਦੀ ਆਪਣੀ ਸਮਝ ਹੁੰਦੀ ਹੈ ਜਿਹੜੀ ਕਹਾਣੀਆਂ, ਮਿੱਥਾਂ ਤੇ ਇਤਿਹਾਸ ਰਾਹੀਂ ਪ੍ਰਚਾਰੀ ਜਾਂਦੀ ਹੈ। ਭਾਵੇਂ ਇਤਿਹਾਸਕ ਤੌਰ ਉੱਤੇ ਸਹੀ ਹੋਣ ਜਾਂ ਨਾ, ਇਹ ਯਾਦਾਂ ਵਰਤਮਾਨ ਦੀ ਸਮਝ ਵਿੱਚ ਯੋਗਦਾਨ ਪਾਉਂਦੀਆਂ ਹਨ ਜਿਹੜੀ ਇੱਕ ਰਾਸ਼ਟਰ ਨੂੰ ਦੂਜੇ ਨਾਲੋਂ ਵੱਖਰਾ ਕਰਦੀ ਹੈ (ਗਰੋਸਬੀ 8)।[3]

ਇਸ ਤਰ੍ਹਾਂ ਮਿੱਥਾਂ ਤੇ ਕਹਾਣੀਆਂ ਰਾਹੀਂ ਪੁਨਰ-ਸਿਰਜਤ ਇਤਿਹਾਸ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਰੋਮਿਲਾ ਥਾਪਰ ਅਨੁਸਾਰ ਹਿੰਦੂਆਂ ਉੱਤੇ ਹਜ਼ਾਰਾਂ ਸਾਲ ਅੱਤਿਆਚਾਰ ਹੋਣ ਦੀ ਸਰਬਵਿਆਪਕ ਬਣ ਚੁੱਕੀ ਧਾਰਨਾ ਗਲਤ ਹੈ ਅਤੇ ਇਹ ਸੰਪਰਦਾਇਕ ਰਾਸ਼ਟਰਵਾਦ ਨੂੰ ਜਨਮ ਦਿੰਦੀ ਹੈ। ਇਸ ਧਾਰਨਾ ਨੂੰ ਲੋਕ-ਮਨ ਵਿੱਚ ਰਮਾਉਣ ਲਈ ਸੰਘ ਪਰਿਵਾਰ ਨੇ ਕਈ ਮਿੱਥਾਂ ਤੇ ਕਲਪਨਾਵਾਂ ਨੂੰ ਘੜਿਆ ਹੈ। 'ਰਾਸ਼ਟਰਵਾਦ ਕੀ ਕਲਪਨਾ: ਸਿਮਰਤੀ, ਮਿਥਕ ਔਰ ਉਗਰ ਹਿੰਦੂਤਵ' ਸਿਰਲੇਖ ਤਹਿਤ ਦਿੱਤੇ ਆਪਣੇ ਭਾਸ਼ਣ ਵਿੱਚ ਬਦਰੀ ਨਾਰਾਇਣ ਇਸੇ ਤਰ੍ਹਾਂ ਦੀਆਂ ਮਿੱਥਾਂ ਦਾ ਜ਼ਿਕਰ ਕਰਦਾ ਹੈ, ਜਿਹਨਾਂ ਨੂੰ ਭਗਵਾ ਰੰਗ ਦੇ ਕੇ ਸੰਘ ਪਰਿਵਾਰ ਨੇ ਭਾਰਤ ਵਿੱਚ ਹਿੰਦੂ ਬਨਾਮ ਮੁਸਲਿਮ ਦਾ ਬਿਰਤਾਂਤ ਖੜ੍ਹਾ ਕੀਤਾ। ਮਸਲਨ ਲਖਨਊ ਬਾਰੇ ਦਲਿਤਾਂ ਵਿੱਚ ਇਹ ਚਰਚਾ ਮਿਲਦੀ ਹੈ ਕਿ ਲਖਨਊ ਇੱਥੋਂ ਦੇ ਰਾਜਾ ਲਾਖਨ ਪਾਸੀ ਦੇ ਨਾਮ ਉੱਤੇ ਬਣਿਆ ਹੈ। ਜਦਕਿ

ਭਾਜਪਾ ਤੇ ਸੰਘ ਪਰਿਵਾਰ ਦਾ ਬਿਰਤਾਂਤ ਇਹ ਮੰਨਦਾ ਹੈ ਕਿ ਅਯੋਧਿਆ ਦਾ ਰਾਜਾ ਰਾਮ ਸੀ ਤੇ ਲਖਨਊ ਦਾ ਰਾਜਾ ਲਕਸ਼ਮਣ ਸੀ ਤੇ ਲਖਨਊ ਲਕਸ਼ਮਣ ਦੇ ਨਾਮ ਉੱਤੇ ਬਣਿਆ ਹੈ। ਉੱਤਰ ਪ੍ਰਦੇਸ਼ ਵਿੱਚ ਬਸਪਾ ਦੀ ਸਰਕਾਰ ਦੇ ਸਰਗਰਮ ਹੋਣ ਵੇਲੇ ਹਿੰਦੂਤਵੀ ਰਾਜਨੀਤੀ ਦੇ ਵਿਰੋਧ ਵਿੱਚ ਲਾਖਨ ਪਾਸੀ ਵਾਲਾ ਬਿਰਤਾਂਤ ਪ੍ਰਮੁੱਖਤਾ ਵਿੱਚ ਰਿਹਾ। ਉਸ ਸਮੇਂ ਸੰਘ ਪਰਿਵਾਰ ਨੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਲਾਖਨ ਪਾਸੀ ਲਕਸ਼ਮਣ ਦਾ ਹੀ ਨਵਾਂ ਅਵਤਾਰ ਸੀ। ਇਸ ਤਰ੍ਹਾਂ ਇਸ ਬਿਰਤਾਂਤ ਨੂੰ ਸੰਘ ਪਰਿਵਾਰ ਨੇ ਆਪਣੇ ਬਿਰਤਾਂਤ ਵਿੱਚ ਸਮੇਟ ਲਿਆ। ਇਸ ਨਾਲ ਹੀ ਜੁੜਦਾ ਸੱਯਦ ਸਾਲਾਰ ਮਸੂਦ ਸ਼ਾਹ ਗਾਜੀਮੀਆਂ ਦਾ ਬਿਰਤਾਂਤ ਹੈ। ਗਾਜੀਮੀਆਂ ਇੱਕ ਮੁਸਲਮਾਨ ਹਮਲਾਵਰ ਸੀ ਜਿਸ ਨਾਲ ਲਾਖਨ ਪਾਸੀ ਦੀ ਲਖਨਊ ਨੇੜੇ ਸੱਤ ਦਿਨ ਲੜਾਈ ਚੱਲੀ। ਸੱਤਵੇਂ ਦਿਨ ਗਾਜੀਮੀਆਂ ਨੇ ਲਾਖਨ ਪਾਸੀ ਦੀ ਗਰਦਨ ਕੱਟੀ ਤੇ ਜਿਹੜੀ ਨਾਲ਼ੀ ਵਿੱਚ ਉਸਦੀ ਗਰਦਨ ਡਿੱਗੀ ਉਸ ਦਾ ਨਾਂ ਸਿਰਕਟਵਾ ਨਾਲ਼ੀ ਪੈ ਗਿਆ। ਲਾਖਨ ਪਾਸੀ ਵਾਂਗ ਹੀ ਡਾਲਦੇਵ ਪਾਸੀ, ਬਾਲਦੇਵ ਪਾਸੀ ਤੇ ਬਿਜਲੀ ਪਾਸੀ ਵਰਗੇ ਦਲਿਤ ਰਾਜਿਆਂ ਦੇ ਅਨੇਕ ਬਿਰਤਾਂਤ ਘੜੇ ਗਏ ਜਿਹਨਾਂ ਨੂੰ ਮੁਸਲਿਮ ਸ਼ੇਖ, ਮੁਸਲਿਮ ਨਵਾਬ ਜਾਂ ਕਿਸੇ ਮੁਸਲਿਮ ਸ਼ਾਸਕ ਨੇ ਮਾਰਿਆ ਤੇ ਸੱਤਾ ਤੋਂ ਬਾਹਰ ਕੀਤਾ।

ਬਦਰੀ ਨਾਰਾਇਣ ਉੱਤਰ ਪ੍ਰਦੇਸ਼ ਤੋਂ ਇਲਾਵਾ ਬਿਹਾਰ ਵਿੱਚ ਵੀ ਦੀਨਾ ਅਤੇ ਭੱਦਰੀ ਨਾਮ ਦੇ ਮੁਸਹਰ ਜਾਤ ਦੇ ਨਾਇਕਾਂ ਦੇ ਬਿਰਤਾਂਤ ਦਾ ਜ਼ਿਕਰ ਕਰਦਾ ਹੈ। ਤਾਲਾਬ ਦੀ ਖੁਦਾਈ ਦਾ ਕੰਮ ਕਰਦੀ ਮੁਸਹਰ ਜਾਤ ਵਿੱਚ ਦੀਨਾ ਅਤੇ ਭੱਦਰੀ ਨੂੰ ਪੂਜਿਆ ਅਤੇ ਗਾਇਆ ਜਾਂਦਾ ਹੈ। ਪਹਿਲਾਂ ਤਾਲਾਬ ਦੀ ਖੁਦਾਈ ਦਾ ਕੰਮ ਮੁਸਹਰ ਜਾਤ ਦੇ ਲੋਕਾਂ ਤੋਂ ਕਰਵਾਇਆ ਜਾਂਦਾ ਸੀ। ਬਾਅਦ ਵਿੱਚ ਜਦੋਂ ਰਾਜਿਆਂ ਅਤੇ ਜ਼ਿੰਮੀਦਾਰਾਂ ਨੇ ਖੁਦਾਈ ਦਾ ਇਹ ਕੰਮ ਠੇਕੇ ਉੱਤੇ ਕਰਵਾਉਣਾ ਸ਼ੁਰੂ ਕਰ ਦਿੱਤਾ ਤਾਂ ਮੁਸਹਰ ਜਾਤ ਦੇ ਲੋਕਾਂ ਨੇ ਵਿਦਰੋਹ ਕੀਤਾ। ਦੀਨਾ ਅਤੇ ਭੱਦਰੀ ਇਸ ਸੰਘਰਸ਼ ਦੇ ਨਾਇਕ ਰਹੇ। ਬਦਰੀ ਨਾਰਾਇਣ ਦੇ ਕਹੇ ਅਨੁਸਾਰ ਹੁਣ ਬਿਹਾਰ ਵਿੱਚ ਇਸ ਨੂੰ ਸੰਪਰਦਾਇਕ ਯਾਦ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਦੀਨਾ ਅਤੇ ਭੱਦਰੀ ਨੂੰ ਰਾਮ ਅਤੇ ਲਕਸ਼ਮਣ ਦਾ ਨਵਾਂ ਅਵਤਾਰ ਦੱਸਿਆ ਗਿਆ ਤੇ ਇਹਨਾਂ ਨੂੰ ਮੁਸਲਿਮ ਹਮਲਾਵਰਾਂ ਨਾਲ ਲੜਦਿਆਂ, ਮਰਦਿਆਂ ਜਾਂ ਮਾਰਦਿਆਂ ਦਿਖਾਇਆ ਗਿਆ। ਇਸ ਤਰ੍ਹਾਂ ਲੋਕ-ਬਿਰਤਾਂਤਾਂ ਦੀ ਸਹਾਇਤਾ ਨਾਲ ਦਲਿਤਾਂ ਨੂੰ ਅਜਿਹੀ ਸੈਨਾ ਦੇ ਰੂਪ ਵਿੱਚ ਕਲਪਿਆ ਜਾ ਰਿਹਾ ਹੈ ਜਿਹੜੀ ਉੱਚ ਜਾਤੀ ਹਿੰਦੂਆਂ ਲਈ ਮੁਸਲਮਾਨਾਂ ਵਿਰੁੱਧ ਲੜਨ

ਮਰਨ ਦੇ ਕੰਮ ਆਉਂਦੀ ਹੈ। 'ਹਿੰਦੂਤਵੀ ਸੰਪਰਦਾਇਕ ਰਾਸ਼ਟਰਵਾਦ ਹਿੰਦੂ ਬਨਾਮ ਮੁਸਲਿਮ ਦਾ ਬਿਰਤਾਂਤ ਸਿਰਜਦਿਆਂ ਦਲਿਤਾਂ ਨੂੰ ਮੁਸਲਮਾਨਾਂ ਵਿਰੁੱਧ ਲੜਨ ਲਈ ਮਾਰਸ਼ਲ ਰੇਸ ਵਜੋਂ ਪੇਸ਼ ਕਰਦਾ ਹੈ (ਨਾਰਾਇਣ 247)।'[4] ਇਸ ਤਰ੍ਹਾਂ ਰਾਸ਼ਟਰ ਕੁੱਝ ਪਛਾਣਾਂ ਨੂੰ ਅਪਣਾਉਂਦਾ ਤੇ ਬਾਕੀਆਂ ਨੂੰ ਗੈਰ ਬਣਾਉਂਦਿਆਂ, ਉਹਨਾਂ ਨੂੰ ਦੂਜੈਲੇ ਦਰਜੇ 'ਤੇ ਰੱਖਦਿਆਂ ਮਨਸੂਖ਼ ਕਰ ਦਿੰਦਾ ਹੈ।

ਰਾਸ਼ਟਰ ਦੇ ਦੂਜੀਆਂ ਪਛਾਣਾਂ ਨਾਲ ਬੰਨ੍ਹੇ ਹੋਣ ਸੰਬੰਧੀ ਐਮ. ਐਸ. ਐਸ. ਪਾਂਡਿਅਨ ਲਿਖਦਾ ਹੈ, "ਹਮੇਸ਼ਾ ਖੋ ਜਾਣ/ਗੁਆਚਣ ਦੀ ਕਗਾਰ ਉੱਤੇ ਰਹਿੰਦੇ ਹੋਏ ਰਾਸ਼ਟਰ ਨੂੰ ਆਪਣੇ ਆਪ ਨੂੰ ਨਿਰੰਤਰ ਦੁਹਰਾਉਣਾ ਤੇ ਦ੍ਰਿੜਤਾ ਨਾਲ ਕਹਿਣਾ ਪੈਂਦਾ ਹੈ। ਵਿਰੋਧਾਭਾਸਕ ਢੰਗ ਨਾਲ ਨਿਰੰਤਰ ਦੁਹਰਾਉਣ ਦੇ ਇਸ ਕੰਮ ਲਈ ਇੱਕ ਰਾਸ਼ਟਰੀ ਪਛਾਣ ਦੇ ਇਲਾਵਾ ਹੋਰ ਪਛਾਣਾਂ ਦੀ ਜ਼ਰੂਰਤ ਹੁੰਦੀ ਹੈ, ਉਹਨਾਂ ਪਛਾਣਾਂ ਦੀ ਜੋ ਗੈਰ ਬਣਾਈਆਂ ਜਾਂਦੀਆਂ ਹਨ। ਆਪਣੇ ਅਸਤਿੱਤਵ ਬਾਰੇ ਕਹਿਣ ਦੀ ਕੋਸ਼ਿਸ਼ ਵਿੱਚ ਹਿੰਦੂ ਰਾਸ਼ਟਰ ਨੂੰ ਆਪਣੇ ਗੈਰ ਦੇ ਰੂਪ ਵਿੱਚ ਮੁਸਲਮਾਨ ਚਾਹੀਦਾ ਹੈ; ਸਿੰਹਲੀ ਰਾਸ਼ਟਰ ਨੂੰ ਆਪਣੇ ਗੈਰ ਦੇ ਰੂਪ ਵਿੱਚ ਤਮਿਲ ਚਾਹੀਦਾ ਹੈ (ਪਾਂਡਿਅਨ 143)।"[5] ਇਸ ਤਰ੍ਹਾਂ ਰਾਸ਼ਟਰ ਬਹੁ-ਗਿਣਤੀ ਮੁੱਖ-ਧਾਰਾਈ ਵਰਗ ਦੀ ਪਛਾਣ ਤੇ ਪ੍ਰਤਿਮਾਨਾਂ ਨੂੰ ਅਪਣਾਉਂਦਿਆਂ, ਵਡਿਆਉਂਦਿਆਂ ਤੇ ਪ੍ਰਸਾਰਦਿਆਂ ਘੱਟ ਗਿਣਤੀ ਪਛਾਣਾਂ ਤੇ ਉਹਨਾਂ ਦੇ ਸਭਿਆਚਾਰ ਨੂੰ ਦੂਜੈਲੇ ਦਰਜੇ ਉੱਤੇ ਰੱਖਦਾ ਹੈ। ਰੋਮਿਲਾ ਥਾਪਰ ਬਾਕੀ ਪਛਾਣਾਂ ਨੂੰ ਦਰਕਿਨਾਰ ਕਰਨ ਵਾਲੀ ਅਜਿਹੀ ਰਾਸ਼ਟਰੀ ਪਛਾਣ ਨੂੰ 'ਐਕਸਕਲੂਸਿਵ' (Exclusive) ਦੱਸਦਿਆਂ ਇਸ ਨੂੰ ਖ਼ਤਰਨਾਕ ਕਹਿੰਦੀ ਹੈ ਤੇ 'ਸਮਾਵੇਸ਼ੀ' (Inclusive) ਗੁਣ ਵਾਲੀ ਰਾਸ਼ਟਰੀ ਪਛਾਣ ਨੂੰ ਸਿਹਤਮੰਦ ਦਰਸਾਉਂਦੀ ਹੈ। ਪਰ ਨਿਵੇਦਿਤਾ ਮੈਨਨ ਨੇ 'ਸਮਾਵੇਸ਼ੀ ਰਾਸ਼ਟਰਵਾਦ' ਦੇ ਖ਼ਤਰਿਆਂ ਨੂੰ ਵੀ ਉਘਾੜਿਆ ਹੈ। ਰਾਸ਼ਟਰ ਆਪਣੀ ਏਕਤਾ ਤੇ ਇਕਰੂਪਤਾ ਲਈ ਸੂਤਰ ਕਿਹੜੀ ਧਿਰ, ਕਿਹੜੇ ਵਰਗ ਤੇ ਕਿਹੜੇ ਸਭਿਆਚਾਰ ਤੋਂ ਗ੍ਰਹਿਣ ਕਰਦਾ ਹੈ, ਇਸ ਸੰਬੰਧੀ ਨਿਵੇਦਿਤਾ ਲਿਖਦੀ ਹੈ;

...ਜਦੋਂ ਵੀ ਨਿਰਣਾ ਲਿਆ ਜਾਂਦਾ ਹੈ ਕਿ ਇੱਕ ਦੇਸ਼ ਲਈ ਕਿਸੇ ਇੱਕ ਚੀਜ਼ ਦੀ ਜ਼ਰੂਰਤ ਹੈ, ਚਾਹੇ ਉਹ ਭਾਸ਼ਾ ਹੋਵੇ, ਸਿਵਲ ਕੋਡ ਹੋਵੇ ਜਾਂ ਕੁੱਝ ਹੋਰ, ਉਦੋਂ ਉਹ ਇੱਕ ਚੀਜ਼ ਤਾਕਤਵਰ ਤਬਕਿਆਂ ਦੇ ਸਭਿਆਚਾਰ ਅਤੇ ਰਹਿਣ ਸਹਿਣ ਦੇ ਤਰੀਕਿਆਂ ਵਿੱਚੋਂ ਲਈ ਜਾਂਦੀ ਹੈ। ਸਾਡੇ ਦੇਸ਼ ਵਿੱਚ ਜਦੋਂ ਕਿਸੇ ਇੱਕ ਚੀਜ਼ ਨੂੰ ਘੋਸ਼ਿਤ ਕੀਤਾ ਜਾਂਦਾ ਹੈ ਕਿ ਇਹ ਭਾਰਤੀ ਹੈ ਤਾਂ ਉਹ ਜ਼ਿਆਦਾਤਰ ਸਵਰਨ ਤਬਕਿਆਂ ਦੀ ਹੀ ਹੁੰਦੀ ਹੈ ਅਤੇ ਉਸ ਵਿੱਚ ਵੀ ਹਿੰਦੀ-ਭਾਸ਼ੀ ਖੇਤਰ

ਦੇ ਸਭਿਆਚਾਰ ਅਤੇ ਮੁੱਲਾਂ ਨੂੰ ਹੀ ਭਾਰਤੀ ਮੰਨਿਆ ਜਾਂਦਾ ਰਿਹਾ ਹੈ।...ਅਸੀਂ ਦੇਖਦੇ ਹਾਂ ਕਿ ਦੇਸ਼ ਜਾਂ ਰਾਸ਼ਟਰ ਸਾਡੇ ਕੋਲੋਂ ਸ਼ੁੱਧਤਾ ਮੰਗਦਾ ਹੈ ਅਤੇ ਸ਼ੁੱਧਤਾ ਦੇ ਪੈਮਾਨੇ ਜਾਂ ਸ਼ੁੱਧਤਾ ਦੇ ਮਾਪਦੰਡ ਓਹੀ ਤਾਕਤਵਰ ਤਬਕੇ ਤੈਅ ਕਰਦੇ ਹਨ ਜਿਹਨਾਂ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਉਹ ਅਤਿ ਪੁਰਸ਼ਵਾਦੀ ਹੁੰਦੇ ਹਨ। ਜਦੋਂ ਇਹ ਤਬਕੇ ਉਸ ਸ਼ੁੱਧਤਾ ਨੂੰ ਪਰਖਣ ਦੀ ਗੱਲ ਕਰਦੇ ਹਨ ਤਾਂ ਜ਼ਾਹਿਰ ਹੈ ਉਸ ਪੈਮਾਨੇ ਉੱਤੇ ਘੱਟ ਹੀ ਲੋਕ ਖਰੇ ਉੱਤਰ ਸਕਦੇ ਹਨ- ਅਸੀਂ ਸਭ ਅਸ਼ੁੱਧ ਨਿਕਲਾਂਗੇ (ਮੇਨਨ 49, 50)।[6]

ਉਪਰੋਕਤ ਦੀ ਮਿਸਾਲ ਵਜੋਂ ਨਿਵੇਦਿਤਾ ਹਿੰਦੂ ਕੋਡ ਬਿੱਲ ਬਣਨ ਸਮੇਂ ਹੋਈ ਸੰਸਦ ਵਿਚਲੀ ਬਹਿਸ ਦਾ ਬਿਓਰਾ ਦਿੰਦੀ ਹੈ। ਰੀਤੀ ਰਿਵਾਜਾਂ ਉੱਤੇ ਚੱਲ ਰਹੀ ਚਰਚਾ ਦੌਰਾਨ ਜਦੋਂ ਦੱਖਣੀ ਪ੍ਰਾਂਤਾਂ ਅਤੇ ਬੰਗਾਲ ਵਰਗੇ ਪੂਰਬੀ ਸੂਬਿਆਂ ਦੇ ਸੰਸਦੀ ਮੈਂਬਰਾਂ ਨੇ ਕਿਹਾ ਕਿ ਉਹਨਾਂ ਦੇ ਸਭਿਆਚਾਰ ਵਿੱਚ ਕੁੜੀਆਂ ਦੇ ਵਿਆਹ ਤੋਂ ਬਾਅਦ ਉਹਨਾਂ ਦੇ ਘਰ ਜਾਣਾ ਜਾਂ ਮਿਲਣਾ ਵਰਜਿਤ ਨਹੀਂ ਤਾਂ 'ਸ੍ਰੀਵਾਸਤਵ' ਤੇ 'ਅਗਰਵਾਲ' ਵਰਗੇ ਨਾਵਾਂ ਵਾਲੇ ਸੰਸਦੀ ਮੈਂਬਰਾਂ ਨੇ ਖੜ੍ਹੇ ਹੋ ਕੇ ਕਿਹਾ ਕਿ ਇਹ ਤੁਹਾਡੇ ਬੰਗਾਲ ਜਾਂ ਤਾਮਿਲਨਾਡੂ ਵਿੱਚ ਹੁੰਦਾ ਹੋਵੇਗਾ ਪਰ ਇਹ ਭਾਰਤੀ ਨਹੀਂ ਹੈ ਕਿਉਂਕਿ ਸਾਡੇ ਤਾਂ ਕਿਸੇ ਵਿਆਹੀ ਕੁੜੀ ਦੇ ਘਰ ਅਸੀਂ ਪਾਣੀ ਤੱਕ ਨਹੀਂ ਪੀਂਦੇ। ਇਸੇ ਤਰ੍ਹਾਂ ਜਦੋਂ ਦੇਸ਼ ਲਈ ਕੋਈ ਸਾਂਝੀ ਭਾਸ਼ਾ ਚੁਣਨ ਦੀ ਗੱਲ ਆਉਂਦੀ ਹੈ ਤਾਂ ਹਿੰਦੀ ਨੂੰ ਬਹੁ-ਗਿਣਤੀ ਲੋਕਾਂ ਦੀ ਭਾਸ਼ਾ ਸਿੱਧ ਕਰਨ ਲਈ 50 ਦੇ ਕਰੀਬ ਹੋਰ ਭਾਸ਼ਾਵਾਂ ਜਿਵੇਂ ਬ੍ਰਜ, ਅਵਧੀ, ਬੁੰਦੇਲੀ ਤੇ ਭੋਜਪੁਰੀ ਆਦਿ ਨੂੰ ਹਿੰਦੀ ਮੰਨਦਿਆਂ ਇਹਨਾਂ ਨੂੰ ਹਿੰਦੀ ਭਾਸ਼ਾ ਵਿੱਚ ਮਿਲਾ ਕੇ ਹਿੰਦੀ ਭਾਸ਼ੀ ਬੁਲਾਰਿਆਂ ਦੀ ਗਿਣਤੀ ਵਧਾ ਚੜ੍ਹਾ ਕੇ ਦਿਖਾਈ ਜਾਂਦੀ ਹੈ। ਇਸ ਤਰ੍ਹਾਂ ਕਾਨੂੰਨ ਬਣਾਉਣ ਸਮੇਂ ਜਾਂ ਕੋਈ ਸਾਂਝੀ ਚੀਜ਼ ਚੁਣਨ ਸਮੇਂ ਦੇਸ਼ ਦੇ ਬਹੁ-ਗਿਣਤੀ, ਮੁੱਖ ਧਾਰਾਈ ਉੱਚ ਵਰਗ ਦੀ ਭਾਸ਼ਾ, ਧਰਮ ਅਤੇ ਸਮਾਜ-ਸਭਿਆਚਾਰਕ ਪ੍ਰਤਿਮਾਨਾਂ ਨੂੰ ਕੇਂਦਰ ਵਿੱਚ ਰੱਖਿਆ ਜਾਂਦਾ ਹੈ ਤੇ ਅਲੱਗ ਪਛਾਣ ਰੱਖਣ ਵਾਲੇ ਸਮਾਜ-ਸਭਿਆਚਾਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਸਭ ਨੂੰ ਕਬੂਲਦਿਆਂ ਆਪਣੇ ਜੀਵਨ ਵਿਹਾਰ ਨੂੰ ਬਦਲਣ। ਇਸ ਪ੍ਰਤੀ ਵਿਰੋਧ ਦਰਜ ਕਰਵਾਉਣ ਵਾਲੇ ਤਬਕਿਆਂ ਨੂੰ 'ਸੋਧਣ' ਲਈ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ।

ਰਾਸ਼ਟਰ ਕਿਵੇਂ ਦੂਜੀਆਂ ਪਛਾਣਾਂ, ਉਹਨਾਂ ਦੇ ਧਰਮ, ਇਤਿਹਾਸ ਤੇ ਸਭਿਆਚਾਰ ਨੂੰ ਮਨਸੂਖ਼ ਕਰਦਿਆਂ ਉਹਨਾਂ ਨੂੰ 'ਏਕਤਾ' ਦੇ ਸੂਤਰ ਵਿੱਚ ਪਰੋਂਦਾ ਹੈ? ਇਸ ਸੰਦਰਭ ਵਿੱਚ ਅਸੀਂ ਐਮ. ਐਸ. ਐਸ. ਪਾਂਡਿਅਨ ਦੁਆਰਾ 'ਭਾਵਨਾਤਮਕ ਅਖੰਡਤਾ ਕਮੇਟੀ'

(Committee on Emotional Integration) (ਜੋ ਕਿ 1960 ਵਿੱਚ ਰਾਜ ਸਿੱਖਿਆ ਮੰਤਰੀਆਂ ਦੇ ਸੰਮੇਲਨ ਦੁਆਰਾ ਰਾਸ਼ਟਰੀ ਅਖੰਡਤਾ ਲਈ ਬਣਾਈ ਗਈ) ਦੇ ਕਾਰਜਾਂ ਸੰਬੰਧੀ ਕੀਤੇ ਵਿਸ਼ਲੇਸ਼ਣ ਨੂੰ ਪੇਸ਼ ਕਰਨਾ ਚਾਹਾਂਗੇ। ਇਸ ਕਮੇਟੀ ਦਾ ਕੰਮ ਰਾਸ਼ਟਰੀ ਜੀਵਨ ਵਿੱਚ ਅਖੰਡਤਾ ਮਜ਼ਬੂਤ ਕਰਨ ਤੇ ਇਸਦੇ ਪ੍ਰਸਾਰ ਦੀ ਪ੍ਰਕਿਰਿਆ ਵਿੱਚ ਸਿੱਖਿਆ ਦੀ ਭੂਮਿਕਾ ਦਾ ਅਧਿਐਨ ਕਰਨਾ ਸੀ। ਪਾਂਡਿਅਨ ਅਨੁਸਾਰ ਰਾਸ਼ਟਰੀ ਅਖੰਡਤਾ ਲਈ ਕਮੇਟੀ ਦਾ ਨਿਰਮਾਣ ਕਰਨਾ ਭਾਰਤੀ ਰਾਜ ਦੁਆਰਾ ਇਸ ਦੋਸ਼ ਨੂੰ ਕਬੂਲਣਾ ਹੈ ਕਿ ਅਜੇ ਤੱਕ ਭਾਰਤੀ ਰਾਸ਼ਟਰ ਦਾ ਆਗਮਨ ਨਹੀਂ ਹੋਇਆ ਸੀ ਤੇ ਇਸ ਨੂੰ ਚਿੰਤਨ ਤੇ ਵਿਵੇਕਪੂਰਨ ਦਖ਼ਲਅੰਦਾਜ਼ੀ ਨਾਲ ਘੜਿਆ ਜਾਣਾ ਸੀ। ਰਾਸ਼ਟਰ ਨੂੰ ਵਜੂਦ ਵਿੱਚ ਲਿਆਉਣ ਲਈ ਖਾਕਾ ਤਿਆਰ ਕਰਦਿਆਂ ਇਸ ਕਮੇਟੀ ਨੇ ਘੋਸ਼ਣਾ ਕੀਤੀ;

ਰਾਸ਼ਟਰਵਾਦ ਦੇ ਮਜ਼ਬੂਤ ਮਨੋਵਿਗਿਆਨਕ ਆਧਾਰ ਹਨ ਅਤੇ ਇਸ ਨਾਲ ਸੰਬੰਧਿਤ ਲੋਕਾਂ ਦਾ ਅਨੁਭਵ ਸਮਾਨ ਰਿਹਾ ਹੈ ਅਤੇ ਇਸ ਅਨੁਭਵ ਦੀ ਇੱਕੋ ਢੰਗ ਨਾਲ ਵਿਆਖਿਆ ਕਰਨਾ ਘੱਟ ਮਹੱਤਵਪੂਰਨ ਨਹੀਂ ਹੈ। ਜੇਕਰ ਰਾਜਨੀਤੀ ਅਤੇ ਹੋਰ ਘਟਨਾਵਾਂ ਵਿਭਿੰਨ ਸਮੂਹਾਂ ਨੂੰ ਵਿਭਿੰਨ ਅਰਥ ਪਹੁੰਚਾਉਣ ਲੱਗ ਜਾਣ ਤਾਂ ਇਹ ਵਰਤਾਰਾ ਲਗਾਤਾਰ ਮੱਤਭੇਦ ਅਤੇ ਵਿਘਟਨ ਦਾ ਸਰੋਤ ਬਣੇਗਾ (ਪਾਂਡਿਅਨ 169)।[7]

ਇਸ ਤਰ੍ਹਾਂ ਇਹ ਅਖੰਡਤਾ ਕਮੇਟੀ ਰਾਸ਼ਟਰ ਦਾ ਆਧਾਰ ਸਮਾਨ ਅਨੁਭਵਾਂ ਵਿੱਚ ਦੇਖਦਿਆਂ ਇਹਨਾਂ ਅਨੁਭਵਾਂ ਦੀ ਵੱਖਰੀ ਵਿਆਖਿਆ ਦਾ ਵੀ ਖੰਡਨ ਕਰਦੀ ਹੈ। ਪਾਂਡਿਅਨ ਅਨੁਸਾਰ ਇਸਦਾ ਅਰਥ ਇਹ ਹੈ ਕਿ 'ਇੱਕੋ ਤਰ੍ਹਾਂ ਸੋਚੋ' ਤੇ ਰਾਸ਼ਟਰੀ ਘਟਨਾਵਾਂ ਦੇ ਸੰਦਰਭ ਵਿੱਚ ਮੱਤਭੇਦ ਤੇ ਅਸਹਿਮਤੀ ਲਈ ਕੋਈ ਥਾਂ ਹੀ ਨਹੀਂ ਹੈ। ਜਦੋਂ ਦੱਖਣੀ ਭਾਰਤ ਨੇ ਅਲੱਗ ਪਛਾਣ ਦਾ ਦਾਅਵਾ ਕੀਤਾ ਤਾਂ ਇਸ ਅਖੰਡਤਾ ਕਮੇਟੀ ਨੇ ਭਾਰਤ ਦੇ ਉੱਤਰੀ ਅਤੇ ਦੱਖਣੀ ਹਿੱਸਿਆਂ ਵਿੱਚ ਏਕਤਾ ਦੇ ਸੂਤਰ ਦੀ ਭਾਲ ਕਰਨ ਲਈ ਇੱਕ ਅਤੀਤ ਦੀ ਸਿਰਜਣਾ ਕੀਤੀ;

ਕੋਈ ਚਾਹੇ ਤਾਂ ਅਗਸਤਯ ਦੀ ਸੋਹਣੀ ਕਥਾ ਨੂੰ ਯਾਦ ਕਰ ਸਕਦਾ ਹੈ, ਉਹ ਹੁਣ ਵੀ ਦੱਖਣ ਦੇ ਰੱਖਿਅਕ ਸੰਤ ਹਨ, ਜਿਹਨਾਂ ਨੇ ਉੱਤਰ ਤੋਂ ਵਿਧਿਆਂਚਲ ਨੂੰ ਪਾਰ ਕੀਤਾ ਅਤੇ ਕਦੇ ਵਾਪਸ ਨਹੀਂ ਮੁੜੇ। ਹਾਲਾਂਕਿ ਕੌਣ ਨਹੀਂ ਜਾਣਦਾ ਕਿ ਉਪਨਿਸ਼ਦ ਪਹਿਲਾਂ ਉੱਤਰ ਦੇ ਆਸ਼ਰਮਾਂ ਵਿੱਚ ਕਹੇ ਗਏ, ਇਹਨਾਂ ਦੀ ਕੇਰਲ ਦੇ ਸ਼ੰਕਰਾਚਾਰਿਆ ਦੁਆਰਾ ਕੀਤੀ ਗਈ ਸਿਰਜਣਾਤਮਕ ਤੇ ਸਮਾਲੋਚਨਾਤਮਕ ਵਿਆਖਿਆ ਦਾ ਵੈਦਿਕ ਦਰਸ਼ਨ ਕਿੰਨਾ ਜ਼ਿਆਦਾ

ਧੰਨਵਾਦੀ ਹੈ। ਉੱਤਰ ਵਿੱਚ ਅਯੋਧਿਆ, ਮਥੁਰਾ ਅਤੇ ਵ੍ਰਿੰਦਾਵਨ ਰਾਮ ਅਤੇ ਕ੍ਰਿਸ਼ਨ ਦੀ ਯਾਦ ਦੇ ਪਵਿੱਤਰ ਸਥਾਨ ਹਨ ਪਰ ਰਾਮ ਦੀ ਯਾਤਰਾ ਪੂਰੇ ਦੱਖਣ ਤੋਂ ਲੈ ਕੇ ਸਿਲੋਨ ਤੱਕ ਹਿੰਦੂ ਯਾਦ ਵਿੱਚ ਡੂੰਘੀ ਵੱਸੀ ਹੋਈ ਹੈ ਅਤੇ ਕਾਂਚੀ ਤੇ ਰਾਮੇਸ਼ਵਰਮ ਜਿਹੇ ਤੀਰਥ ਸਥਾਨ ਇੱਕ ਸਮਾਨ ਸ਼ਰਧਾ ਦੇ ਪਾਤਰ ਹਨ (ਪਾਂਡਿਅਨ 138)।[8]

ਪਾਂਡਿਅਨ ਦਾ ਕਮੇਟੀ ਦੇ ਇਸ ਕਥਨ ਉੱਤੇ ਇਹ ਕਹਿਣਾ ਹੈ ਕਿ ਮਿੱਥ ਅਤੇ ਇਤਿਹਾਸ ਦੇ ਇਸ ਮਿਸ਼ਰਣ ਨੂੰ ਜੇਕਰ ਸੱਚ ਵੀ ਮੰਨ ਲਿਆ ਜਾਵੇ ਤਾਂ ਵੀ ਭਾਰਤ ਦੇ ਸਾਰੇ ਖੇਤਰਾਂ ਵਿੱਚ ਇਸ ਨੂੰ ਨਾ ਤਾਂ ਇਸ ਰੂਪ ਵਿੱਚ ਅਨੁਭਵ ਕੀਤਾ ਗਿਆ ਤੇ ਨਾ ਹੀ ਇਸਦੀ ਇਸ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਸੇਲਿਗ ਹੈਰੀਸਨ ਦੇ ਹਵਾਲੇ ਨਾਲ ਪਾਂਡਿਅਨ ਰਾਮ ਕਥਾ ਦੀ ਦ੍ਰਾਵਿੜਾਂ ਦੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਦਾ ਹੈ। ਉਹ ਰਾਮ ਦੀ ਦੱਖਣ ਵੱਲ ਯਾਤਰਾ ਨੂੰ ਅਸਲ ਵਿੱਚ ਭਾਰਤ ਦੇ ਮੂਲ ਦ੍ਰਾਵਿੜਾਂ ਉੱਤੇ ਜੇਤੂ ਆਰੀਅਨਾਂ ਦੀ ਪ੍ਰਗਤੀ ਦੀ ਰੂਪਾਤਮਕ ਕਥਾ ਦੱਸਦਾ ਹੈ। ਰਾਮ ਦਾ ਦੱਖਣ ਦੇ ਜੰਗਲਾਂ ਵਿੱਚ ਜਿਹੜੇ ਬਾਂਦਰਾਂ ਨਾਲ ਸਾਹਮਣਾ ਹੋਇਆ ਉਹਨਾਂ ਨੂੰ ਉਹ ਦ੍ਰਾਵਿੜ ਦੱਸਦਾ ਹੈ। ਇਸ ਵਿਆਖਿਆ ਰਾਹੀਂ ਮਹਾਂਕਾਵਿ ਨੂੰ ਪੱਖਪਾਤੀ ਹੋਣ ਦੇ ਨਾਲ-ਨਾਲ ਨਸਲੀ ਅਪਮਾਨ ਦੱਸਿਆ ਗਿਆ ਹੈ।

ਇਸ ਤਰ੍ਹਾਂ ਪਾਂਡਿਅਨ ਦਾ ਇਹ ਮੰਨਣਾ ਹੈ ਕਿ 'ਭਾਵਨਾਤਮਕ ਅਖੰਡਤਾ ਕਮੇਟੀ' ਦੁਆਰਾ ਉੱਤਰ ਅਤੇ ਦੱਖਣ ਵਿੱਚ ਮੇਲ-ਜੋਲ ਵਧਾਉਣ ਲਈ ਕੀਤੀ ਕੋਸ਼ਿਸ਼ ਅਤੀਤ ਦੀਆਂ ਵਿਕਲਪਿਕ/ਬਹੁਵੰਨੀਆਂ ਵਿਆਖਿਆਵਾਂ ਨੂੰ ਖਾਮੋਸ਼ ਕਰ ਦਿੰਦੀ ਹੈ। ਕਮੇਟੀ ਦੁਆਰਾ ਘੜੇ ਇਸ ਅਤੀਤ ਵਿੱਚ ਏਕਤਾ ਦੇ ਸਾਰੇ ਸਾਂਚੇ ਮਸਲਨ ਅਗਸਤਯ, ਉਪਨਿਸ਼ਦ, ਰਾਮ ਆਦਿ ਉੱਤਰ ਵੱਲੋਂ ਆਉਂਦੇ ਹਨ ਤੇ ਦੱਖਣ ਦੀ ਭੂਮਿਕਾ ਇਹਨਾਂ ਨੂੰ ਮਹਿਜ ਸਵੀਕਾਰ ਕਰਨ ਦੀ ਹੈ। ਇਹ ਖੇਤਰਾਂ ਵਿੱਚ ਦਰਜੇਬੰਦੀ ਪੈਦਾ ਕਰਦਿਆਂ ਦੱਖਣ ਨੂੰ ਉੱਤਰ ਦੇ ਮੁਕਾਬਲੇ ਦੂਜੈਲਾ ਦਰਜਾ ਦਿੰਦੀ ਹੈ। ਪਾਂਡਿਅਨ ਅਨੁਸਾਰ;

ਇਹ ਕੇਵਲ 'ਹਿੰਦੂ ਯਾਦ' ਹੈ। ਜੇਕਰ ਖੇਤਰ ਬਹੁ-ਧਰਮੀ ਹਨ (ਜਿਵੇਂ ਕਿ ਉਹ ਸਨ ਅਤੇ ਹਨ) ਤਾਂ ਏਕਤਾ ਦੇ ਇਸ ਬਿਓਰੇ ਵਿੱਚ ਗੈਰ-ਹਿੰਦੂਆਂ ਲਈ ਕੋਈ ਜਗ੍ਹਾ ਨਹੀਂ ਹੈ। ਨਿਸ਼ਚਿਤ ਹੀ ਉਹ ਦੂਸਰੀਆਂ ਯਾਦਾਂ ਢੋ ਰਹੇ ਹੋਣਗੇ, ਯਾਦਾਂ ਜਿਹਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸਵੀਕਾਰ ਕਰਨ ਦੀ ਜਗ੍ਹਾ ਵਿਅਰਥ ਵਰਗਾ ਮੰਨਿਆ ਗਿਆ ਹੈ। ਦੂਜੇ ਸ਼ਬਦਾਂ ਵਿੱਚ, ਏਕਤਾ ਦਾ ਇਹ ਤਥਾਕਥਿਤ ਦਾਅਵਾ ਛੇਕਦਾ ਹੈ (ਪਾਂਡਿਅਨ 139)।[9]

ਇਸ ਤਰ੍ਹਾਂ ਭਾਰਤੀ ਰਾਸ਼ਟਰ ਅਨੇਕਤਾ ਵਿੱਚ ਏਕਤਾ ਦਾ ਸੂਤਰ ਤਲਾਸ਼ਦਿਆਂ ਅੱਡਰੀਆਂ ਤੇ ਨਿੱਖੜਵੀਆਂ ਪਛਾਣਾਂ ਨੂੰ ਉਹਨਾਂ ਦੇ ਨਿਆਰੇਪਣ ਸਮੇਤ ਕਬੂਲਣ ਦੀ ਥਾਂ ਉਹਨਾਂ ਨੂੰ ਦੂਜੈਲਗੀ ਦੇ ਆਲਮ ਵਿੱਚ ਧੱਕਦਿਆਂ ਮਨਸੂਖ਼ ਕਰ ਦਿੰਦਾ ਹੈ।

ਇਸ ਤਰ੍ਹਾਂ ਅਖੰਡ, ਕੁਦਰਤੀ ਤੇ ਸਦੀਵੀ ਜਾਪਣ ਵਾਲਾ ਰਾਸ਼ਟਰ ਅਸਲ ਵਿੱਚ ਇੱਕ ਕਲਪਿਤ, ਇਤਿਹਾਸਕ ਤੇ ਸਿੱਖਿਅਤ ਵਰਤਾਰਾ ਹੈ। ਭਾਰਤੀ ਰਾਸ਼ਟਰ ਦਾ ਵਰਤਮਾਨ ਮੁਹਾਂਦਰਾ ਬਣਾਉਟੀ ਤੇ ਸੰਪਰਦਾਇਕ ਹੈ। ਭਾਰਤ ਦੇ ਇਤਿਹਾਸ ਦੀ ਬਸਤੀਵਾਦੀ ਵਿਆਖਿਆ ਨੇ ਭਾਰਤੀ ਇਤਿਹਾਸ ਨੂੰ ਫਿਰਕੂ ਆਧਾਰਾਂ ਉੱਤੇ ਵੰਡਦਿਆਂ 'ਦੋ ਰਾਸ਼ਟਰ ਸਿਧਾਂਤ' ਨੂੰ ਪ੍ਰਮੁੱਖਤਾ ਦਿੱਤੀ। ਬਸਤੀਵਾਦੀ ਇਤਿਹਾਸਕਾਰੀ ਨੇ ਭਾਰਤੀ ਸਮਾਜ ਦੀਆਂ ਵਿਭਿੰਨਤਾਵਾਂ ਨੂੰ ਮੁਖ਼ਾਤਿਬ ਹੋਣ ਦੀ ਥਾਂ ਇਹਨਾਂ ਨੂੰ ਪ੍ਰਮੁੱਖ ਰੂਪ ਵਿੱਚ ਦੋ 'ਮਹਾਂ-ਬਿਰਤਾਂਤਾਂ' ਅਧੀਨ ਨੂੜ ਕੇ ਭਾਰਤੀ ਰਾਸ਼ਟਰ ਦੇ ਸੰਪਰਦਾਇਕ ਮੁਹਾਂਦਰੇ ਲਈ ਆਧਾਰ ਤਿਆਰ ਕੀਤਾ। ਇਹਨਾਂ ਹੀ ਲੀਹਾਂ ਉੱਤੇ ਚੱਲੀ ਹੋਈ ਭਾਰਤ ਦੀ ਵਰਤਮਾਨ ਸਥਾਪਿਤ ਸੱਤਾ ਧਿਰ ਇਸ ਖਿੱਤੇ ਵਿਚਲੇ 'ਬਹੁ-ਗਿਣਤੀ ਮੁੱਖ-ਧਾਰਾਈ ਵਰਗ' ਦੀ ਪਛਾਣ ਨੂੰ ਪ੍ਰਮੁੱਖਤਾ ਦੇਣ ਵਾਲੀ ਮਿੱਥਕ ਬਿੰਬਕਾਰੀ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਵਰਤਦੀ ਹੋਈ ਇਤਿਹਾਸ ਦੀ ਆਪਣੇ 'ਹਿੱਤ-ਸਾਪੇਖਕ ਉਜੱਡ ਪੁਨਰ-ਨਿਰਮਾਣਕਾਰੀ' ਦੇ ਰਾਹ ਤੁਰੀ ਹੋਈ ਹੈ। ਮਿੱਥ ਦੀ ਅਜਿਹੀ ਵਰਤੋਂ ਰਾਹੀਂ ਸਿਰਜਿਤ ਇਤਿਹਾਸ ਦੀ ਇਕਹਿਰੀ ਬਿਰਤਾਂਤਕਾਰੀ 'ਨਕਾਰਾਤਮਕ ਪ੍ਰਕਾਰਜਾਤਮਕਤਾ' ਨੂੰ ਧਾਰਨ ਕਰਦਿਆਂ 'ਘੱਟ ਗਿਣਤੀ ਜਮਾਤ' ਨੂੰ ਹਾਸ਼ੀਏ 'ਤੇ ਧੱਕ ਦਿੰਦੀ ਹੈ। ਇਸ ਤਰ੍ਹਾਂ ਭਾਰਤੀ ਰਾਸ਼ਟਰ ਇੱਕ ਖਾਸ ਧਰਮ ਦੀ ਪਛਾਣ ਨੂੰ ਅਪਣਾਉਂਦਿਆਂ ਬਾਕੀ ਪਛਾਣਾਂ ਨੂੰ ਛੇਕਦਾ ਹੋਇਆ ਉਹਨਾਂ ਨੂੰ ਦੂਜੈਲਾ ਦਰਜਾ ਦਿੰਦਾ ਹੈ। ਭਾਰਤੀ ਰਾਸ਼ਟਰ ਦਾ ਏਕਤਾ ਦਾ ਸੂਤਰ ਇਸ ਖਿੱਤੇ ਦੀਆਂ ਬਹੁਤੀਆਂ ਧਿਰਾਂ ਦੇ ਇਤਿਹਾਸ, ਧਰਮ, ਭਾਸ਼ਾ, ਸਮਾਜ, ਸਭਿਆਚਾਰ ਦੀ ਬਹੁ-ਵੰਨਤਾ ਤੇ ਵਿਲੱਖਣਤਾ ਨੂੰ ਖਾਮੋਸ਼ ਕਰਦਿਆਂ ਤੇ ਉਹਨਾਂ ਨੂੰ ਆਪਣੇ ਸ਼ੁੱਧਤਾ ਦੇ ਪੈਮਾਨਿਆਂ ਅਨੁਸਾਰ ਅਨੁਕੂਲਿਤ ਕਰਦਿਆਂ ਇਕਹਿਰਤਾ ਤੇ ਇਕਰੰਗਤਾ ਦਾ ਪ੍ਰਸਾਰ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ**

---

[1] भूलना- और कहने के लिए मैं जोखिम उठाना चाहूँगा- अपने इतिहास को गलत समझना, एक राष्ट्र के निर्माण के अनिवार्य तत्व हैं; और इसलिए एतिहासिक अध्ययन का बढ़ना राष्ट्रीयता के लिए एक खतरा है-

पांडियन, एम. एस. एस. राष्ट्र पर पुनर्विचार दक्षिण भारत के परिप्रेक्ष्य. सम्पादन व अनुवाद जगदीश चन्द उपाध्याय, आकार बुक्स, दिल्ली, 2018, पन्ना- 135

[2] There were no histories, of course, of India as a unified territory prior to colonial rule. Colonial history tried to tidy up the diversity, not by asking how these diversities related to each other, but by envisioning all religions in India as large monolithic religions and fitting the sects into one or the another, instead of seeing them as autonomous or only partially allied to another religion- Thapar, Romila. 'The Past as Seen in Ideologies Claiming to Be Nationalist'. What the Nation Really Needs to Know The JNU Nationalism Lectures, Edited by Rohit Azad, Janaki Nair & others, Harper Collins Publishers, India, 2016, P-182

[3] ...key to the existence of nation are memories that are shared among each of those many individuals who are members of the nation about the past of their nation, including about those earlier societies...The events described by such memories may not be factually accurate: for example, the ten plagues in the ancient Israelite account of the exodus from Egypt, or that the Japanese emperor is a descendant of Amaterasu. Every nation has its own understanding of its distinctive past that is conveyed through stories, myths, and history. Whether historically accurate or not, these memories contribute to the understanding of the present that distinguishes one nation from another- Grosby, Steven. Nationalism A Very Short Introduction. Oxford University Press, New York, 2005, P-8

[4] नारायण, बद्री. राष्ट्रवाद की कल्पना: स्मृति, मिथक और उग्र हिन्दुत्व. What the Nation Really Needs to Know The JNU Nationalism Lectures, Edited by Rohit Azad, Janaki Nair & others, Harper Collins Publishers, India, 2016, पन्ना- 247

[5] हमेशा खोने के कगार पर रहते हुए, इस राष्ट्र रूप को अनवरत रूप से स्वयं को दोहराना और दृढ़ता से कहना होता है। विरोधाभासी रूप से, अविराम दोहराने के इस कृत्य को एक राष्ट्रीय पहचान के अलावा अन्य पहचानों की जरूरत होती है, उन पहचानों की जो कि ग़ैर बनाई जानी हैं। स्वयं के अस्तित्व के बारे में कहने की कोशिश में, हिन्दू राष्ट्र को अपने ग़ैर के रूप में मुसलमान चाहिए; सिंहली राष्ट्र को अपने ग़ैर के रूप में तमिल चाहिए- पांडियन, एम. एस. एस. राष्ट्र पर पुनर्विचार दक्षिण भारत के परिप्रेक्ष्य. सम्पादन व अनुवाद जगदीश चन्द उपाध्याय, आकार बुक्स, दिल्ली, 2018, पन्ना- 143

[6] ...जब भी निर्णय लिया जाता है कि एक देश के लिए किसी एक चीज़ की जरूरत है, चाहे वह भाषा हो, सिविल कोड हो या कुछ और, तब वो एक चीज़ ताकतवर तबकों की संस्कृति और रहन-सहन के तरीकों से उठाई जाती है। हमारे देश में जब किसी एक चीज़ को घोषित किया जाता है कि यह भारतीय है, तो वह ज़्यादातर स्वर्ण तबकों की ही होती है और उसमें भी हिन्दी-भाषी क्षेत्र की संस्कृति और मूल्यों को ही भारतीय माना जाता रहा है।...हम देखते हैं कि देश या राष्ट्र शुद्धता मांगता है हमसे, और शुद्धता के पैमाने या शुद्धता के मापदण्ड तय करते हैं वही ताकतवर तबके जिन की एक ख़ासियत यह भी है कि वे घोर पुरुषवादी होते हैं। जब ये तबके उस शुद्धता को परखने की बात करते हैं तो ज़ाहिर है, उस पैमाने पर कम ही लोग खरे उतर पाते हैं- हम सब अशुद्ध निकलेंगे- मेनन, निवेदिता. 'राष्ट्रवाद बनाम जनवाद'. What the Nation Really Needs to Know The JNU Nationalism Lectures, Edited by Rohit Azad, Janaki Nair & others, Harper Collins Publishers, India, 2016, P- 49, 50

[7] राष्ट्रत्व के मज़बूत मनोवैज्ञानिक आधार हैं और ये इससे सम्बधित लोगों पर निर्भर करता है कि उनके अनुभव समान थे और, यह कम महत्वपूर्ण नहीं है, उनकी एक जैसे तरीके से व्याख्या करना। यदि राजनीती और अन्य घटनाएँ विभिन्न समूहों को विभिन्न अर्थ पहुँचाए, वे लगातार मतभेद और विघटन के स्रोत होंगे... उधृत, पांडियन, एम. एस. एस. राष्ट्र पर पुनर्विचार दक्षिण भारत के परिप्रेक्ष्य. सम्पादन व अनुवाद जगदीश चन्द उपाध्याय, आकार बुक्स, दिल्ली, 2018, पन्ना-136, रिपोर्ट ऑफ द कमेटी आन इमोशनल इंटीग्रेशन, मिनिस्ट्री ऑफ एजूकेशन, गवर्नमेंट ऑफ इण्डिया, दिल्ली, 1962, प- 169

[8] चाहे तो कोई अगस्त्य की सुन्दर कथा को याद कर सकता है, वे अभी भी दक्षिण के संरक्षक संत हैं, जिन्होंने उत्तर से विध्यांचल को पार किया और कभी वापिस नहीं लौटे। यधपि कौन नहीं जानता कि उपनिषद पहले उत्तर के आश्रमों में कहे गए, इनकी केरल के शंकराचार्य द्वारा की गई स्रजनात्मक और समलोचनात्म्क व्याख्या का वैदिक दर्शन कितना अधिक आभारी है। उत्तर में अयोध्या, मथुरा और वृन्दावन पवित्र स्थान हैं राम और कृष्ण की स्मृति के, लेकिन राम की यात्रा पूरे दक्षिण से लेकर सिलोन तक गहरे से हिन्दू स्मृति में बसी है और काँची और रामेश्वरम जैसे तीर्थ स्थान समान श्रधा के पात्र हैं- उधृत, पांडियन, एम. एस. एस. राष्ट्र पर पुनर्विचार दक्षिण भारत के परिप्रेक्ष्य. सम्पादन व अनुवाद जगदीश चन्द उपाध्याय, आकार बुक्स, दिल्ली, 2018, पन्ना- 138, रिपोर्ट ऑफ द कमेटी आन इमोशनल इंटीग्रेशन, मिनिस्ट्री ऑफ एजूकेशन, गवर्नमेंट ऑफ इण्डिया, दिल्ली, 1962, पन्ना- 8

[9] यह केवल 'हिन्दू स्मृति' है। यदि क्षेत्र बहु-धर्मी हैं (जैसा वे थे और हैं), तब एकता के इस विवरण में ग़ैर-हिन्दूओं के पास कोई जगह नहीं है। निश्चित ही वे दूसरी स्मृतियाँ ढो रहे होंगे, स्मृतियाँ जिन्हें राष्ट्र निर्माण में स्वीकार करने की जगह व्यर्थ जैसा माना गया है। दूसरे शब्दों में, एकता का यह तथाकथित दावा बहिष्कार करता है- पांडियन, एम. एस. एस. राष्ट्र पर पुनर्विचार दक्षिण भारत के परिप्रेक्ष्य. सम्पादन व अनुवाद जगदीश चन्द उपाध्याय, आकार बुक्स, दिल्ली, 2018, पन्ना- 139